ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ 8/1/08/ਸਸਅ/ਕੋਆਰਡੀਨੇਸ਼ਨ/67796
ਮਿਤੀ ਚੰਡੀਗੜ੍ਹ 17 ਸਤੰਬਰ, 2009

**ਵਿਸ਼ਾ** **ਮੁੱਖ ਦਫਤਰ ਵੱਲੋਂ ਭੇਜੇ ਗਏ ਪੱਤਰਾਂ ਨੂੰ ਵੈੱਬ-ਸਾਈਟ ਤੋਂ ਡਾਊਨ-ਲੋਡ ਕਰਨ ਉਪਰੰਤ ਸਕੂਲ ਮੁੱਖੀ ਨੂੰ ਪੇਸ਼ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਇਹ ਆਮ ਵੇਖਣ ਵਿੱਚ ਆਇਆ ਹੈ ਕਿ ਮੁੱਖ ਦਫਤਰ ਵੱਲੋਂ ਸਮੇਂ ਸਮੇਂ ਸਿਰ ਕੁੱਝ ਜਨਰਲ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਜੋ ਕਿ ਸਾਰੇ ਸਕੂਲ ਮੁੱਖੀਆਂ ਅਤੇ ਦਫਤਰ ਤੇ ਲਾਗੂ ਹੁੰਦੇ ਹਨ । ਇਹ ਪੱਤਰ ਮੁੱਖ ਦਫਤਰ ਵੱਲੋਂ ਰਾਜ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜੇ ਜਾਂਦੇ ਹਨ ਪਰੰਤੂ ਇਸ ਤੋਂ ਮੰਗਰੋ ਇਨ੍ਹਾਂ ਦੀ ਪਾਲਣਾ ਠੀਕ ਤਰੀਕੇ ਨਾਲ ਨਹੀਂ ਹੁੰਦੀ । ਕਈ ਵਾਰੀ ਤਾਂ ਇਹ ਹਦਾਇਤਾਂ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਾਰੇ ਸਕੂਲਾਂ ਵਿੱਚ ਪਹੁੰਚਾਇਆਂ ਹੀ ਨਹੀਂ ਜਾਂਦੀਆਂ ਹਨ । ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਨਿਮਨਹਸਤਾਖਰਿਤ ਨਾਲ ਹੋਈ ਮੀਟਿੰਗ ਦੌਰਾਨ ਇਹ ਮਾਮਲਾ ਧਿਆਨ ਵਿੱਚ ਲਿਆਂਦਾ ਗਿਆ ਹੈ ।

3.0 ਉਪਰੋਕਤ ਨੂੰ ਮੁੱਖ ਰੱਖਦੇ ਹੋਇਆ ਇਹ ਫੈਸਲਾ ਕੀਤਾ ਗਿਆ ਹੈ ਕਿ ਮੁੱਖ ਦਫਤਰ ਵੱਲੋਂ ਜੋ ਵੀ ਜਨਰਲ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਦੀ ਇੱਕ ਕਾਪੀ ਮੰਡਲ ਸਿੱਖਿਆ ਅਫਸਰ / ਜ਼ਿਲ੍ਹਾ ਸਿੱਖਿਆ ਅਫਸਰਾਂ ਜਾਂ ਹੋਰ ਅਫਸਰਾਂ ਨੂੰ ਭੇਜਣ ਤੋਂ ਇਲਾਵਾ ਵਿਭਾਗ ਦੀ ਵੈੱਬ ਸਾਈਟ www.ssapunjab.org ਤੇ ਪਾ ਦਿੱਤੀਆ ਜਾਇਆ ਕਰਣਗੀਆਂ । ਇਸ ਵੈੱਬ ਸਾਈਟ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਦੇ ਦਫਤਰਾਂ ਵਿੱਚ ਕਿਸੀ ਵਿਸ਼ੇਸ਼ ਕਰਮਚਾਰੀ, ਜਿਵੇਂ

ਕਿ ਡਾਟਾ ਐਂਟਰੀ ਆਪਰੇਟਰ ਜਾਂ ਆਈ.ਸੀ.ਟੀ. ਕੋਆਰਡੀਨੇਟਰ ਦੀ ਡਿਊਟੀ ਲਗਾ ਦਿੱਤੀ ਜਾਵੇ ਤਾਂ ਜੋ ਉਹ ਇਨ੍ਹਾਂ ਸਾਰੇ ਪੱਤਰਾਂ ਨੂੰ ਰੋਜ਼ਾਨਾ ਵੈੱਬ ਸਾਈਟ ਤੋਂ ਡਾਊਨ-ਲੋਡ ਕਰਨ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ ਦੇ ਧਿਆਨ ਵਿੱਚ ਲਿਆਵੇ ਅਤੇ ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਇਨ੍ਹਾਂ ਤੇ ਤੁਰੰਤ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇ ।

4.0 ਇਸ ਤੋਂ ਇਲਾਵਾ ਪੰਜਾਬ ਰਾਜ ਦੇ ਸਾਰੇ ਸਰਕਾਰੀ ਮਿਡਲ ਸਕੂਲ, ਸਰਕਾਰੀ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਵਿੱਚ ਵੀ ਵਿਭਾਗ ਦਵਾਰਾ ਬ੍ਰਾਡ ਬੈਂਡ ਕਨੈਕਸ਼ਨ ਦਿੱਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਸਾਰੇ ਸਕੂਲਾਂ ਵਿੱਚ ਕੰਪਿਊਟਰ ਟੀਚਰ ਵੀ ਮੌਜੂਦ ਹਨ । ਸਾਰੇ ਸਕੂਲ ਮੁੱਖੀਆਂ ਨੂੰ ਵੀ ਇਹ ਹਦਾਇਤਾਂ ਜਾਰੀ ਕੀਤੀਆ ਜਾਣ ਕਿ ਉਹ ਆਪਣੇ ਸਕੂਲ ਦੇ ਕੰਪਿਊਟਰ ਟੀਚਰ ਦੀ ਡਿਊਟੀ ਲਗਾਉਣ ਕਿ ਸਕੂਲ ਖੁਲ੍ਹਦੇ ਸਾਰ ਹੀ ਵੈੱਬ -ਸਾਈਟ ਵੇਖ ਕੇ ਮਹਿਕਮੇ ਦੀਆਂ ਹਦਾਇਤਾਂ ਨੂੰ ਡਾਊਨ ਲੋਡ ਕਰਨ ਉਪਰੰਤ ਸਕੂਲ ਮੁੱਖੀ ਦੇ ਧਿਆਨ ਵਿੱਚ ਲਿਆਉਣ । ਜੇਕਰ ਕੋਈ ਕੰਪਿਊਟਰ ਟੀਚਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਹੈ, ਜਾਂ ਆਨਾ ਕਾਣੀ ਕਰਦਾ ਹੈ ਤਾਂ ਤੁਰੰਤ ਸਬੰਧਤ ਕੰਪਿਊਟਰ ਟੀਚਰ ਵਿਰੁੱਧ ਕਾਰਵਾਈ ਕੀਤੀ ਜਾਵੇ ।

5.0 ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :

1. ਡੀ.ਐਮ. ਆਈ.ਸੀ.ਟੀ.
2. ਪੰਜਾਬ ਰਾਜ ਦੇ ਸਮੂਹ ਆਈ.ਸੀ.ਟੀ. ਕੋਆਰਡੀਨੇਟਰ